**ੳ.ਐਸ ਡੀ.ਏ.ਵੀ ਪਬਲਿਕ ਸਕੂਲ , ਕੈਥਲ**

**ਸਤੰਬਰ ਪ੍ਰੀਖਿਆ (2024-25 )**

**ਜਮਾਤ :- ਸੱਤਵੀਂ** **(Set A )**

**ਵਿਸ਼ਾ : - ਪੰਜਾਬੀ**

**ਸਮਾਂ :- 2:20 ਘੰਟੇ** **ਅਧਿਕਤਮ ਅੰਕ :60**

**ਜਰੂਰੀ ਹਦਾਇਤਾਂ:- (ੳ) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ ।**

**(ਅ) ਲਿਖਾਈ ਸੁੰਦਰ ਅਤੇ ਸਾਫ਼ ਲਿਖੋ ।**

| **ਪ੍ਰਸ਼ਨ ਨੰਬਰ** | **ਪ੍ਰਸ਼ਨ** | **ਅੰਕ** |
|---|---|---|
| | **(ਭਾਗ -ੳ ਪੜ੍ਹਨ ਕੌਸ਼ਲ )** | |
| **ਪ੍ਰ. 1** | **ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-**<br><br>ਅੰਮ੍ਰਿਤਸਰ ਉੱਤਰੀ ਭਾਰਤ ਦਾ ਵੱਡਾ ਵਪਾਰਕ ਤੇ ਉਦਯੋਗਿਕ ਕੇਂਦਰ ਹੈ। ਇੱਥੇ ਅਨਾਜ, ਕੱਪੜੇ ਤੇ ਖ਼ੁਸ਼ਕ ਮੇਵਿਆਂ ਦੀਆਂ ਵੱਡੀਆਂ-ਵੱਡੀਆਂ ਮੰਡੀਆਂ ਹਨ। ਦਰੀਆਂ, ਗ਼ਲੀਚੇ ਤੇ ਸ਼ਾਲਾਂ ਬਣਾਉਣ ਦੇ ਕਈ ਕਾਰਖ਼ਾਨੇ ਵੀ ਹਨ। ਹਾਥੀ ਦੰਦ ਦਾ ਤੇ ਕੁਝ ਹੋਰ ਕਲਾਤਮਕ ਕੰਮ ਹੱਥਾਂ ਨਾਲ ਹੁੰਦਾ ਹੈ। ਅੰਮ੍ਰਿਤਸਰ ਦਾ ਸਾਬਣ ਤੇ ਪਾਪੜ-ਵੜੀਆਂ ਦੂਰ -ਦੂਰ ਤੱਕ ਸੁਗਾਤ ਵਜੋਂ ਜਾਂਦੀਆਂ ਹਨ। ਹਰ ਸਾਲ ਲੱਖਾਂ ਯਾਤਰੀਆਂ ਦੇ ਆਉਣ ਨਾਲ ਇਹਦੇ ਵਪਾਰ ਵਿੱਚ ਦਿਨੋਂ -ਦਿਨ ਵਾਧਾ ਹੋ ਰਿਹਾ ਹੈ।<br>ਪ੍ਰ. 1 ਅੰਮ੍ਰਿਤਸਰ ਭਾਰਤ ਦੇ ਕਿਸ ਭਾਗ ਵਿੱਚ ਹੈ?<br>ਪ੍ਰ. 2 ਅੰਮ੍ਰਿਤਸਰ ਵਿੱਚ ਕਿਹੜੀਆਂ ਮੰਡੀਆਂ ਹਨ?<br>ਪ੍ਰ. 3 ਅੰਮ੍ਰਿਤਸਰ ਵਿੱਚ ਕਿਹੜੇ - ਕਿਹੜੇ ਕਾਰਖਾਨੇ ਹਨ?<br>ਪ੍ਰ. 4 ਅੰਮ੍ਰਿਤਸਰ ਤੋਂ ਸੁਗਾਤ ਵਜੋਂ ਕੀ ਲਿਆ ਜਾਂਦਾ ਹੈ?<br>ਪ੍ਰ. 5 ਪੈਰੇ ਦਾ ਢੁਕਵਾਂ ਸਿਰਲੇਖ ਲਿਖੋ ? | (5) |
| | **( ਭਾਗ - ਅ ਲੇਖਣ ਕੋਸ਼ਲ)** | |
| **ਪ੍ਰ. 2** | **ਹੇਠਾਂ ਦਿੱਤੀ ਤਸਵੀਰ ਦਾ ਵਰਨਣ 50 ਸ਼ਬਦਾਂ ਵਿੱਚ ਕਰੋ**<br> | (5) |
| **ਪ੍ਰ 3** | **ਹੇਠਾਂ ਦਿੱਤੇ ਗਏ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਦੇ ਉੱਪਰ ਪੱਤਰ ਲਿਖੋ।**<br><br>ਆਪਣੇ ਸਕੂਲ ਦੀ ਮੁੱਖ ਅਧਿਆਪਕਾ ਜੀ ਨੂੰ ਸੈਕਸ਼ਨ ਬਦਲਣ ਲਈ ਬੇਨਤੀ ਪੱਤਰ ਲਿਖੋ।<br>**ਜਾਂ** | (6) |

| | | |
|---|---|---|
| | ਆਪਣੀ ਵੱਡੀ ਭੈਣ ਦੇ ਵਿਆਹ ਤੇ ਮਿੱਤਰ ਜਾਂ ਸਹੇਲੀ ਨੂੰ ਸੱਦਾ ਪੱਤਰ ਲਿਖੋ। | |
| ਪ੍ਰ 4 | **ਹੇਠਾਂ ਦਿੱਤੇ ਗਏ ਲੇਖਾਂ ਵਿੱਚੋਂ ਕੋਈ ਇੱਕ ਲੇਖ ਲਿਖੋ।**<br>ਗੁਰੂ ਨਾਨਕ ਦੇਵ ਜੀ<br>ਰੂਪ- ਰੇਖਾ :- ਭੂਮਿਕਾ, ਜਨਮ ਅਤੇ ਮਾਤਾ- ਪਿਤਾ, ਬਚਪਨ ਵਿੱਚ ਹੀ ਪ੍ਰਭੂ ਭਗਤੀ ਦੀ ਲਗਨ, ਵਪਾਰ ਵਿੱਚ ਲਗਾਉਣਾ, ਸੁਲਤਾਨਪੁਰ ਨੌਕਰੀ ਕਰਨਾ, ਗ੍ਰਿਹਿਸਥੀ ਜੀਵਨ, ਉਦਾਸੀਆਂ ਤੇ ਜਾਣਾ, ਬਾਣੀ ਰਚਨਾ ਤੇ ਹੋਰ ਉਪਦੇਸ਼, ਜੋਤੀ -ਜੋਤ ਸਮਾਉਣਾ ,ਸਾਰੰਸ਼।<br>**ਜਾਂ**<br>ਮੇਰਾ ਪਿਆਰਾ ਪੰਜਾਬ<br>ਰੂਪ- ਰੇਖਾ :- ਭੂਮਿਕਾ, ਪ੍ਰਾਚੀਨ ਸੱਭਿਅਤਾ ਦਾ ਪੰਘੂੜਾ, ਪੀਰ- ਫ਼ਕੀਰਾਂ ਦੀ ਧਰਤੀ, ਪੰਜਾਬੀਆਂ ਦੀਆਂ ਬੇਮਿਸਾਲ ਕੁਰਬਾਨੀਆਂ, ਮੁੱਖ ਕੀਤਾ, ਮਿਹਨਤੀ ਅਤੇ ਖੁੱਲ੍ਹੇ -ਡੁੱਲ੍ਹੇ ਸੁਭਾਅ ਦੇ ਮਾਲਕ, ਪੰਜਾਬ ਦੀ ਵੰਡ, ਸਾਰੰਸ਼। | (7) |
| | **ਭਾਗ -ਏ ( ਵਿਆਕਰਨ)** | |
| ਪ੍ਰ. 5 | **ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ :-** (ੳ) ਹਿਰਨ (ਅ) ਸੱਪ | (2) |
| ਪ੍ਰ 6 | **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ :-** (ੳ) ਰਾਤ (ਅ) ਬੱਕਰੀ | (2) |
| ਪ੍ਰ. 7 | **ਹੇਠਾਂ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-** (ੳ) ਸਾਫ਼ (ਅ) ਅਸਲੀ | (2) |
| ਪ੍ਰ. 8 | **ਹੇਠ ਦਿੱਤੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ ਚੁਣੋ :-**<br>ੳ) ਸੋਓਣਾ (ਅ) ਸੌਣਾ (ੲ) ਸਾਊਣਾ (ਸ) ਸਾਅਉਣਾ | (1) |
| ਪ੍ਰ. 9. | **' ਅਪ '** ਅਗੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ | (1) |
| ਪ੍ਰ. 10 | ' **ਆਰ** ' ਪਿਛੇਤਰ ਲਗਾ ਕੇ ਦੋ ਦੋ ਸ਼ਬਦ ਬਣਾਓ | (1) |
| ਪ੍ਰ. 11 | **ਬਹੁਤੇ ਸ਼ਬਦਾਂ ਦੇ ਲਈ ਇੱਕ ਸ਼ਬਦ ਲਿਖੋ :-**<br>(ੳ) ਦੁੱਧ ਵੇਚਣ ਵਾਲਾ।<br>(ਅ) ਜੋ ਰੱਬ ਵਿੱਚ ਵਿਸ਼ਵਾਸ ਰੱਖਦਾ ਹੋਵੇ | (2) |
| ਪ੍ਰ 12 | **ਹੇਠ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਅਖਾਣ ਪੂਰਾ ਕਰੋ।**<br>ਅਕਲਾਂ ਬਾਝੋਂ --------- ਖਾਲ਼ੀ<br>(ੳ) ਨਹਿਰ (ਅ) ਖੂਹ (ੲ) ਸਿਰ (ਸ) ਤਲਾਬ | (1) |
| ਪ੍ਰ. 13 | **' ਉੱਲੂ ਬਣਾਉਣਾ '** ਮੁਹਾਵਰੇ ਦਾ ਅਰਥ ਲਿਖੋ \| | (1) |
| ਪ੍ਰ.14 | **ਹੇਠ ਦਿੱਤੇ ਬਹੁਅਰਥਕ ਸ਼ਬਦਾਂ ਵਿੱਚੋਂ ਕਿਹੜਾ ਸਹੀ ਬਹੁਅਰਥਕ ਸ਼ਬਦ ਨਹੀਂ ਹੈ? ( ੳ ) ਉੱਚਾ**<br>1 ਉੱਚੀ ਅਵਾਜ਼ 2 ਇਸ ਸਮੇਂ 3 ਉੱਚੀ ਥਾਂ 4 ਸਭ ਤੋਂ ਉੱਚਾ | (1) |

| | | |
|---|---|---|
| ਪ੍ਰ.15 | **ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ :-**<br>(ੳ) ਕੇਲਾ ਸੇਬ ਅਨਾਰ ਅਮਰੂਦ ਫਲਾਂ ਦੇ ਨਾਂ ਹਨ | (2) |
| | **ਭਾਗ- ਸ ( ਪਾਠ ਪੁਸਤਕ)** | |
| ਪ੍ਰ.16 | **ਹੇਠਾਂ ਲਿਖੀ ਕਾਵਿ ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-**<br>**ਜਦ ਮਿਹਨਤ ਦਾ ਮੁੜ੍ਹਕਾ ਡੁੱਲ੍ਹਦਾ ਹੈ,**<br>**ਖੇਤਾਂ ਵਿੱਚ ਸੋਨਾ ਉਗਦਾ ਹੈ,**<br>**ਮਿਹਨਤ ਦਾ ਮਘਦਾ ਦਾ ਜੋਸ਼ ਰਹੇ,**<br>**ਬਾਹਾਂ ਵਿੱਚ ਸਦਾ ਫ਼ੌਲਾਦ ਰਹੇ।**<br><br>ੳ) ਦਿੱਤੇ ਗਏ ਪੈਰੇ ਦੀ ਕਵਿਤਾ ਦਾ ਨਾਂ ਲਿਖੋ ?<br>(ਅ) ਉਪਰੋਕਤ ਪੈਰੇ ਦੇ ਕਵੀ ਦਾ ਨਾਂ ਲਿਖੋ ?<br>ੲ) ਖੇਤਾਂ ਵਿੱਚੋਂ ਕਿਹੋ ਜਿਹੀ ਫ਼ਸਲ ਪੈਦਾ ਹੁੰਦੀ ਹੈ?<br>ਸ) ' ਮੁੜ੍ਹਕਾ ' ਸ਼ਬਦ ਤੋਂ ਕੀ ਭਾਵ ਹੈ ? | (4) |
| ਪ੍ਰ 17 | ' ਪਰਉਪਕਾਰ 'ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। | (5) |
| ਪ੍ਰ.18 | **ਬਹੁ - ਵਿਕਲਪੀ ਪ੍ਰਸ਼ਨ**<br>**ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :-**<br>1' ਇਕ ਡੱਬੀ ਵਿੱਚ ਬੱਤੀ ਦਾਣੇ ' ਬੁਝਾਰਤ ਵਿੱਚ ਬੱਤੀ ਦਾਣਿਆਂ ਤੋਂ ਕੀ ਭਾਵ ਹੈ ?<br>(ੳ) ਬੱਤੀ ਤੀਲ੍ਹੀਆਂ (ਅ) ਬੱਤੀ ਨਿਆਣੇ (ੲ) ਬੱਤੀ ਮੋਤੀ (ਸ) ਬੱਤੀ ਦੰਦ<br>2 ਸਕੂਲ ਵਿੱਚ ਬੱਚਿਆਂ ਦੇ ਦੰਦਾਂ ਦਾ ਮੁਆਇਨਾ ਕਰਨ ਕੌਣ ਆਇਆ ਸੀ ?<br>(ੳ) ਪ੍ਰਿੰਸੀਪਲ ਸਰ (ਅ) ਪੁਲਿਸ (ੲ) ਦੰਦਾਂ ਦੀ ਡਾਕਟਰ (ਸ) ਅਧਿਆਪਕ<br>3 ਸ਼ਾਲੀਮਾਰ ਅਤੇ ਨਿਸ਼ਾਂਤ ਬਾਗ਼ ਕਿਸ ਮੁਗਲ ਬਾਦਸ਼ਾਹ ਨੇ ਲਗਵਾਏ ਸਨ ?<br>(ੳ) ਔਰੰਗਜ਼ੇਬ (ਅ) ਜਹਾਂਗੀਰ (ੲ) ਸ਼ਾਹਜਹਾਂ (ਸ) ਅਕਬਰ<br>4. ਹਿੰਦੂਆਂ ਦਾ ਕਿਹੜਾ ਪ੍ਰਸਿੱਧ ਤੀਰਥ -ਅਸਥਾਨ ਕਸ਼ਮੀਰ ਵਿਖੇ ਹੈ?<br>(ੳ) ਅਮਰਨਾਥ (ਅ) ਬਦਰੀਨਾਥ (ੲ) ਵੈਸ਼ਨੋ ਦੇਵੀ (ਸ) ਜਵਾਲਾਮੁਖੀ | (4) |
| ਪ੍ਰ.19 | **ਹੇਠਾਂ ਦਿੱਤੇ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਦੇ ਉੱਤਰ ਤਿੰਨ - ਚਾਰ ਸਤਰਾਂ ਵਿੱਚ ਲਿਖੋ :-**<br>ੳ) ਸੁਦਾਮਾ ਦੇ ਘਰ ਦੀ ਹਾਲਤ ਕਿਹੋ ਜਿਹੀ ਸੀ ?<br>ਅ) ਸੁਦਾਮੇ ਦਾ ਨਾਂ ਸੁਣ ਕੇ ਕ੍ਰਿਸ਼ਨ ਜੀ ਨੇ ਕੀ ਕੀਤਾ ?<br>ੲ) ਮਹਾਰਾਜ ਨੇ ਬੁੱਢੀ ਔਰਤ ਤੋਂ ਕੀ ਅਸੀਸ ਦੀ ਮੰਗ ਕੀਤੀ ?<br>ਸ) ਔਰਤ ਦੀ ਮਹਾਰਾਜਾ ਰਣਜੀਤ ਸਿੰਘ ਅੱਗੇ ਕੀ ਫ਼ਰਿਆਦ ਸੀ ? | (2x3=6) |
| ਪ੍ਰ 20 | **ਹੇਠਾਂ ਦਿੱਤਾ ਵਾਕ ਕਿਸ ਨੇ, ਕਿਸ ਨੂੰ ਕਿਹਾ** | (1) |

| | | |
|---|---|---|
| | "ਦੱਸ ਬਈ, ਇਹ ਖੂਹ ਕਿਸਦਾ ਹੈ ?" | |
| **ਪ੍ਰ 21** | **' ਸੁਹਾਵਣਾ ' ਸ਼ਬਦ ਦਾ ਅਰਥ ਦੱਸੋ ।** | **(1)** |

ੳ.ਐਸ ਡੀ.ਏ.ਵੀ ਪਬਲਿਕ ਸਕੂਲ , ਕੈਥਲ

ਸਤੰਬਰ ਪੀ੍ਖਿਆ (2024-25)

ਜਮਾਤ - ਸੱਤਵੀਂ ( Set B )

ਵਿਸ਼ਾ – ਪੰਜਾਬੀ

ਸਮਾਂ :- 2:20 ਘੰਟੇ ਅਧਿਕਤਮ ਅੰਕ : 60

ਜਰੂਰੀ ਹਦਾਇਤਾਂ:- (ੳ) ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ।

(ਅ) ਲਿਖਾਈ ਸੁੰਦਰ ਅਤੇ ਸਾਫ਼ ਲਿਖੋ।

| ਪ੍ਰਸ਼ਨ ਨੰਬਰ | ਪ੍ਰਸ਼ਨ | ਅੰਕ |
|---|---|---|
| | ( ਭਾਗ -ੳ ਪੜ੍ਹਣ ਕੋਸ਼ਲ) | |
| ਪ੍ਰ. 1 | **ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-**<br>**ਅੰਮ੍ਰਿਤਸਰ ਉੱਤਰੀ ਭਾਰਤ ਦਾ ਵੱਡਾ ਵਪਾਰਕ ਤੇ ਉਦਯੋਗਿਕ ਕੇਂਦਰ ਹੈ। ਇੱਥੇ ਅਨਾਜ, ਕੱਪੜੇ ਤੇ ਖ਼ੁਸ਼ਕ ਮੇਵਿਆਂ ਦੀਆਂ ਵੱਡੀਆਂ-ਵੱਡੀਆਂ ਮੰਡੀਆਂ ਹਨ। ਦਰੀਆਂ, ਗ਼ਲੀਚੇ ਤੇ ਸ਼ਾਲਾਂ ਬਣਾਉਣ ਦੇ ਕਈ ਕਾਰਖ਼ਾਨੇ ਵੀ ਹਨ। ਹਾਥੀ ਦੰਦ ਦਾ ਤੇ ਕੁਝ ਹੋਰ ਕਲਾਤਮਕ ਕੰਮ ਹੱਥਾਂ ਨਾਲ ਹੁੰਦਾ ਹੈ। ਅੰਮ੍ਰਿਤਸਰ ਦਾ ਸਾਬਣ ਤੇ ਪਾਪੜ-ਵੜੀਆਂ ਦੂਰ -ਦੂਰ ਤੱਕ ਸੁਗਾਤ ਵਜੋਂ ਜਾਂਦੀਆਂ ਹਨ। ਹਰ ਸਾਲ ਲੱਖਾਂ ਯਾਤਰੀਆਂ ਦੇ ਆਉਣ ਨਾਲ ਇਹਦੇ ਵਪਾਰ ਵਿੱਚ ਦਿਨੋਂ -ਦਿਨ ਵਾਧਾ ਹੋ ਰਿਹਾ ਹੈ।**<br>ਪ੍ਰ. 1 ਅੰਮ੍ਰਿਤਸਰ ਭਾਰਤ ਦੇ ਕਿਸ ਭਾਗ ਵਿੱਚ ਹੈ?<br>ਪ੍ਰ. 2 ਅੰਮ੍ਰਿਤਸਰ ਵਿੱਚ ਕਿਹੜੀਆਂ ਮੰਡੀਆਂ ਹਨ?<br>ਪ੍ਰ. 3 ਅੰਮ੍ਰਿਤਸਰ ਵਿੱਚ ਕਿਹੜੇ - ਕਿਹੜੇ ਕਾਰਖਾਨੇ ਹਨ?<br>ਪ੍ਰ. 4 ਅੰਮ੍ਰਿਤਸਰ ਤੋਂ ਸੁਗਾਤ ਵਜੋਂ ਕੀ ਲਿਆ ਜਾਂਦਾ ਹੈ?<br>**ਪ੍ਰ.** 5 ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ ? | (5) |
| | ( ਭਾਗ - ਅ ਲੇਖਣ ਕੋਸ਼ਲ) | |
| ਪ੍ਰ. 2 | **ਹੇਠਾਂ ਦਿੱਤੀ ਤਸਵੀਰ ਦਾ ਵਰਨਣ 50 ਸ਼ਬਦਾਂ ਵਿੱਚ ਕਰੋ**<br> | (5) |
| ਪ੍ਰ 3 | ਹੇਠਾਂ ਦਿੱਤੇ ਗਏ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਦੇ ਉੱਪਰ ਪੱਤਰ ਲਿਖੋ। | (6) |

| | | |
|---|---|---|
| | ਆਪਣੇ  ਸਕੂਲ ਦੇ ਮੁੱਖ ਅਧਿਆਪਕਾ ਨੂੰ ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਲਈ ਬੇਨਤੀ ਪੱਤਰ ਲਿਖੋ।<br>**ਜਾਂ**<br>ਆਪਣੀ ਵੱਡੀ ਭੈਣ ਦੇ ਵਿਆਹ ਤੇ ਮਿੱਤਰ ਜਾਂ ਸਹੇਲੀ ਨੂੰ ਸੱਦਾ ਪੱਤਰ ਲਿਖੋ। | |
| ਪ੍ਰ 4 | **ਹੇਠਾਂ ਦਿੱਤੇ ਗਏ ਲੇਖਾਂ ਵਿੱਚੋਂ ਕੋਈ ਇੱਕ ਲੇਖ ਲਿਖੋ।**<br>ਪ੍ਰਦੂਸ਼ਣ ਦੀ ਸਮੱਸਿਆ<br>ਰੂਪ -ਰੇਖਾ :- ਭੂਮਿਕਾ, ਪ੍ਰਦੂਸ਼ਣ ਕੀ ਹੈ ?, ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ, ਧੁਨੀ ਪ੍ਰਦੂਸ਼ਣ, ਮਿੱਟੀ ਪ੍ਰਦੂਸ਼ਣ, ਪ੍ਰਦੂਸ਼ਣ ਰੋਕਣ ਦੇ ਉਪਾਅ , ਸਾਰੰਸ਼।<br>**ਜਾਂ**<br>ਮੇਰਾ ਪਿਆਰਾ ਪੰਜਾਬ<br>ਰੂਪ- ਰੇਖਾ :- ਭੂਮਿਕਾ, ਪ੍ਰਾਚੀਨ ਸਭਿਅਤਾ ਦਾ ਪੰਘੂੜਾ, ਪੀਰਾਂ- ਫ਼ਕੀਰਾਂ ਦੀ ਧਰਤੀ, ਪੰਜਾਬੀਆਂ ਦੀਆਂ ਬੇਮਿਸਾਲ ਕੁਰਬਾਨੀਆਂ, ਮੁੱਖ ਕਿੱਤਾ, ਮਿਹਨਤੀ ਅਤੇ ਖੁੱਲ੍ਹੇ -ਡੁੱਲ੍ਹੇ ਸੁਭਾਅ ਦੇ ਮਾਲਕ, ਪੰਜਾਬ ਦੀ ਵੰਡ, ਸਾਰੰਸ਼। | (7) |
| | **ਭਾਗ -ੲ ( ਵਿਆਕਰਨ)** | |
| ਪ੍ਰ. 5 | **ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ :-** (ੳ) ਸੁਨਿਆਰ (ਅ) ਜਾਦੂਗਰ | (2) |
| ਪ੍ਰ 6 | **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ :-** (ੳ) ਪਲੇਟ (ਅ) ਘੋੜੀ | (2) |
| ਪ੍ਰ. 7 | **ਹੇਠਾਂ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :-** (ੳ) ਸੱਚਾ (ਅ) ਅਮੀਰ | (2) |
| ਪ੍ਰ. 8 | **ਹੇਠ ਦਿੱਤੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ ਚੁਣੋ :-**<br>ੳ) ਆਉਣਾ (ਅ) ਔਣਾ (ੲ) ਆਣਾ (ਸ) ਅਉਣਾ | (1) |
| ਪ੍ਰ. 9. | **' ਅਨ '** ਅਗੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ \| | (1) |
| ਪ੍ਰ. 10 | ' **ਆਲੂ** ' ਪਿਛੇਤਰ ਲਗਾ ਕੇ ਦੋ -ਦੋ ਸ਼ਬਦ ਬਣਾਓ\| | (1) |
| ਪ੍ਰ. 11 | **ਬਹੁਤੇ ਸ਼ਬਦਾਂ ਦੇ ਲਈ ਇੱਕ ਸ਼ਬਦ ਲਿਖੋ :-**<br>(ੳ) ਲੋਹੇ ਦਾ ਕੰਮ ਕਰਨ ਵਾਲਾ।<br>(ਅ) ਮਾਂ ਦਾ ਭਰਾ | (2) |
| ਪ੍ਰ 12 | **ਹੇਠ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਅਖਾਣ ਪੂਰਾ ਕਰੋ।**<br>ਇਕ ਅਨਾਰ --------- ਬਿਮਾਰ<br>(ੳ) ਸੌ (ਅ) ਦੱਸ (ੲ) ਪੰਜ (ਸ) ਵੀਹ | (1) |
| ਪ੍ਰ. 13 | **' ਉਫ਼ ਨਾ ਕਰਨਾ'** ਮੁਹਾਵਰੇ ਦਾ ਅਰਥ ਲਿਖੋ \| | (1) |
| ਪ੍ਰ.14 | **ਹੇਠ ਦਿੱਤੇ ਬਹੁਅਰਥਕ ਸ਼ਬਦਾਂ ਵਿੱਚੋਂ ਕਿਹੜਾ ਸਹੀ ਬਹੁਅਰਥਕ ਸ਼ਬਦ ਨਹੀਂ ਹੈ?**<br>**ਘੜੀ**<br>1) ਮਿੱਟੀ ਦਾ ਛੋਟਾ ਭਾਂਡਾ 2) ਸਮਾਂ ਦੱਸਣ ਵਾਲੀ 3) ਤਿੱਖਾ ਕਰਨਾ 4) ਮਾੜਾ ਸਮਾਂ | (1) |

| | | |
|---|---|---|
| ਪ੍ਰ.15 | **ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ :-**<br>(ੳ) ਕੇਲਾ ਸੇਬ ਅਨਾਰ ਅਮਰੂਦ ਫਲਾਂ ਦੇ ਨਾਂ ਹਨ | (2) |
| | **ਭਾਗ- ਸ ( ਪਾਠ ਪੁਸਤਕ)** | |
| ਪ੍ਰ.16 | ਹੇਠਾਂ ਲਿੱਖੀ ਕਾਵਿ ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :-<br>**ਜਦ ਮਿਹਨਤ ਦਾ ਮੁੜ੍ਹਕਾ ਡੁੱਲ੍ਹਦਾ ਹੈ,**<br>**ਖੇਤਾਂ ਵਿੱਚ ਸੋਨਾ ਉਗਦਾ ਹੈ,**<br>**ਮਿਹਨਤ ਦਾ ਮਘਦਾ ਦਾ ਜੋਸ਼ ਰਹੇ,**<br>**ਬਾਹਾਂ ਵਿੱਚ ਸਦਾ ਫ਼ੌਲਾਦ ਰਹੇ।**<br><br>ੳ) ਦਿੱਤੇ ਗਏ ਪੈਰੇ ਦੀ ਕਵਿਤਾ ਦਾ ਨਾਂ ਲਿਖੋ ?<br>(ਅ) ਉਪਰੋਕਤ ਪੈਰੇ ਦੇ ਕਵੀ ਦਾ ਨਾਂ ਲਿਖੋ ?<br>ੲ) ਖੇਤਾਂ ਵਿੱਚੋਂ ਕਿਹੋ ਜਿਹੀ ਫ਼ਸਲ ਪੈਦਾ ਹੁੰਦੀ ਹੈ?<br>ਸ) ' ਮੁੜ੍ਹਕਾ ' ਸ਼ਬਦ ਤੋਂ ਕੀ ਭਾਵ ਹੈ ? | (4) |
| ਪ੍ਰ 17 | **' ਬਾਰਾਂਮਾਹਾ '** ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। | (5) |
| ਪ੍ਰ.18 | **ਬਹੁ - ਵਿਕਲਪੀ ਪ੍ਰਸ਼ਨ**<br>**ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :-**<br>1 ਭੋਜਨ ਦਾ ਸਵਾਦ ਕਿਹੜਾ ਅੰਗ ਦੱਸਦਾ ਹੈ ?<br>(ੳ) ਦੰਦ (ਅ) ਅੱਖਾਂ (ੲ) ਜੀਵ (ਸ) ਚਮੜੀ<br>2 ਦੰਦਾ ਵਾਸਤੇ ਕਿਹੜੀ ਆਦਤ ਠੀਕ ਨਹੀਂ ?<br>(ੳ) ਫਲ਼ ਤੇ ਸਬਜ਼ੀਆਂ ਖਾਣ ਦੀ (ਅ) ਕੁਰਲੀ ਕਰਨ ਦੀ<br>(ੲ) ਬੁਰਸ਼ ਕਰਨ ਦੀ (ਸ) ਮਿਠਿਆਈਆਂ ਤੇ ਟਾਫ਼ੀਆਂ ਖਾਣ ਦੀ<br>3 ਸ਼ਾਲੀਮਾਰ ਅਤੇ ਨਿਸ਼ਾਂਤ ਬਾਗ਼ ਕਿਸ ਮੁਗਲ ਬਾਦਸ਼ਾਹ ਨੇ ਲਗਵਾਏ ਸਨ ?<br>(ੳ) ਔਰੰਗਜ਼ੇਬ (ਅ) ਜਹਾਂਗੀਰ (ੲ) ਸ਼ਾਹਜਹਾਂ (ਸ) ਅਕਬਰ<br>4. ਸ੍ਰੀਨਗਰ ਕਿਸ ਦਰਿਆ ਦੇ ਕਿਨਾਰਿਆਂ ਤੇ ਵਸਿਆ ਹੋਇਆ ਹੈ ?<br>(ੳ) ਚਿਨਾਬ (ਅ) ਜਿਹਲਮ (ੲ) ਯਮੁਨਾ (ਸ) ਰਾਵੀ | (4) |
| ਪ੍ਰ.19 | **ਹੇਠਾਂ ਦਿੱਤੇ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਦੇ ਉੱਤਰ ਤਿੰਨ - ਚਾਰ ਸਤਰਾਂ ਵਿੱਚ ਲਿਖੋ :-**<br>ੳ) ਮਹਾਰਾਜਾ ਰਣਜੀਤ ਸਿੰਘ ਕਿਸ ਤਰ੍ਹਾਂ ਦੇ ਮਹਾਰਾਜਾ ਸਨ ?<br>ਅ ਬੁੱਢੀ ਔਰਤ ਦੇ ਦਿਓਰ ਨੂੰ ਕਿਉਂ ਮੰਨਣਾ ਪਿਆ ਕਿ ਖੂਹ ਉਸ ਦੀ ਭਰਜਾਈ ਦਾ ਹੈ ?<br>ੲ) ਕ੍ਰਿਸ਼ਨ ਜੀ ਨੇ ਸੁਦਾਮਾ ਦੀ ਸਹਾਇਤਾ ਕਿਵੇਂ ਕੀਤੀ ?<br>ਸ) ਸੁਦਾਮੇ ਦੀ ਪਤਨੀ ਉਸ ਨੂੰ ਕ੍ਰਿਸ਼ਨ ਜੀ ਕੋਲ ਜਾਣ ਲਈ ਕਿਉਂ ਕਹਿ ਰਹੀ ਸੀ ? | (2X3=6) |
| ਪ੍ਰ 20 | **ਹੇਠਾਂ ਦਿੱਤਾ ਵਾਕ ਕਿਸ ਨੇ, ਕਿਸ ਨੂੰ ਕਿਹਾ** | (1) |

| | | |
|---|---|---|
| | "ਮਾਈ, ਕੀ ਤੇਰਾ ਕੋਈ ਗਵਾਹ ਹੈ ਜੋ ਇਹ ਕਹਿ ਸਕੇ ਕਿ ਖੂਹ ਤੇਰਾ ਹੈ ?" | |
| **ਪ੍ਰ 21** | **' ਮੁਆਇਨਾ '** ਸ਼ਬਦ ਦਾ ਅਰਥ ਦੱਸੋ । | **(1)** |

ਓ.ਐਸ ਡੀ.ਏ.ਵੀ ਪਬਲਿਕ ਸਕੂਲ , ਕੈਥਲ

ਸਤੰਬਰ ਪੀਖਿਆ (2024-25 )

ਜਮਾਤ :- ਸੱਤਵੀਂ

ਵਿਸ਼ਾ : - ਪੰਜਾਬੀ

ਸਮਾਂ :- 2:20 ਘੰਟੇ ( Set A )

ਜਰੂਰੀ ਹਦਾਇਤਾਂ:- ਜੇਕਰ ਇਸ ਉੱਤਰ ਕੁੰਜੀ ਵਿੱਚ ਵਿਦਿਆਰਥੀਆਂ ਦੁਆਰਾ ਸੰਬੰਧਤ ਉੱਤਰ ਨਾਲ ਕੋਈ ਹੋਰ ਉੱਤਰ ਵੀ ਦਿੱਤਾ ਜਾਵੇ ਅਤੇ ਉਹ ਸਹੀ ਹੈ ਤਾਂ ਉਸਦੇ ਅੰਕ ਵੀ ਮਿਲਣਗੇ। ਅਧਿਕਤਮ ਅੰਕ (60)

| ਪ੍ਰਸ਼ਨ ਨੰਬਰ | ਪ੍ਰਸ਼ਨ | ਅੰਕ |
|---|---|---|
| | (ਭਾਗ -ੳ ਪੜ੍ਹਨ ਕੌਸ਼ਲ ) | |
| ਪ੍ਰ. 1 | **ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-**<br>ਉ 1. ਅੰਮ੍ਰਿਤਸਰ ਭਾਰਤ ਦੇ ਉੱਤਰੀ ਭਾਗ ਵਿੱਚ ਹੈ।<br>ਉ 2. ਅੰਮ੍ਰਿਤਸਰ ਵਿੱਚ ਅਨਾਜ, ਕੱਪੜੇ ਤੇ ਖੁਸ਼ਕ ਮੇਵਿਆਂ ਦੀਆਂ ਵੱਡੀਆਂ- ਵੱਡੀਆਂ ਮੰਡੀਆਂ ਹਨ ।<br>ਉ 3. ਅੰਮ੍ਰਿਤਸਰ ਵਿੱਚ ਦਰੀਆਂ, ਗਲੀਚੇ ਤੇ ਸ਼ਾਲਾ ਬਣਾਉਣ ਦੇ ਕਾਰਖਾਨੇ ਹਨ।<br>ਉ 4 ਅੰਮ੍ਰਿਤਸਰ ਤੋਂ ਸੁਗਾਤ ਵਜੋਂ ਸਾਬਣ ਤੇ ਪਾਪੜ -ਵੜੀਆਂ ਲਿਆਉਂਦੇ ਹਨ।<br>ਉ 5 ਅੰਮ੍ਰਿਤਸਰ ਸ਼ਹਿਰ, ਅੰਮ੍ਰਿਤਸਰ ਉਦਯੋਗਿਕ ਕੇਂਦਰ। | (5) |
| | ( ਭਾਗ - ਅ ਲੇਖਣ ਕੋਸ਼ਲ) | |
| ਪ੍ਰ. 2 | **ਹੇਠਾਂ ਦਿੱਤੀ ਤਸਵੀਰ ਦਾ ਵਰਨਣ ਵਿਦਿਆਰਥੀਆਂ ਦੁਆਰਾ ਆਪਣੇ ਸ਼ਬਦਾਂ ਵਿੱਚ ਕੀਤਾ ਜਾਵੇਗਾ।**<br> | (5)<br>1+3+1<br>ਜਾਣ ਪਛਾਣ,<br>ਤਸਵੀਰ ਵਰਨਣ,<br>ਸਾਰ |
| ਪ੍ਰ 3 | **ਹੇਠਾਂ ਦਿੱਤੇ ਗਏ ਵਿਸ਼ਿਆਂ ਉੱਪਰ ਪੱਤਰ**<br>**ਸੇਵਾ ਵਿਖੇ,**<br>**ਮੁੱਖ ਅਧਿਆਪਕਾ ਜੀ,**<br>**ਕ,ਖ,ਗ, ਸਕੂਲ,** | (6)<br>1+1+3+1 |

| | | |
|---|---|---|
| | ......... ਸ਼ਹਿਰ।<br><br>ਵਿਸ਼ਾ - ਸੈਕਸ਼ਨ ਬਦਲਣ ਲਈ।<br><br>ਸ੍ਰੀਮਤੀ ਜੀ,<br><br>ਸਨਿਮਰ ਬੇਨਤੀ ਹੈ ਕਿ ---------------------------------------------------------------<br>----------------------------------------------------------------------------------------<br>-------------------------।<br><br>ਮੈਂ ਆਪ ਜੀ ਦੀ ਧੰਨਵਾਦੀ ਹੋਵਾਂਗੀ।<br><br>ਆਪ ਜੀ ਦੀ ਆਗਿਆਕਾਰੀ,<br><br>ਨਾਂ ---<br><br>ਜਮਾਤ----<br><br>ਰੋਲ ਨੰਬਰ----<br><br>ਮਿਤੀ--<br><br>ਪਰੀਖਿਆ ਭਵਨ,<br><br>ੳ,ਅ,ੲ, ਸ਼ਹਿਰ।<br><br>ਮਿਤੀ-----------<br><br>ਪਿਆਰੀ ਸਹੇਲੀ/ ਪਿਆਰੇ ਮਿੱਤਰ,<br><br>ਮਿੱਠੀਆਂ ਯਾਦਾਂ।<br><br>ਮੈਂ ਇੱਥੇ ਠੀਕ ਹਾਂ-----------------------------------------------------------------------<br>----------------------------------------------------------------------------------------<br>-----------।<br><br>ਤੇਰੀ ਸਹੇਲੀ/ਤੇਰਾ ਮਿੱਤਰ<br><br>ਕ.ਖ.ਗ. | |
| ਪ੍ਰ 4 | ਹੇਠਾਂ ਦਿੱਤੇ ਗਏ ਲੇਖਾਂ ਵਿੱਚੋਂ ਕੋਈ ਇੱਕ ਲੇਖ ਲਿਖੋ।<br>ਗੁਰੂ ਨਾਨਕ ਦੇਵ ਜੀ<br>ਰੂਪ- ਰੇਖਾ :- ਭੂਮਿਕਾ, ਜਨਮ ਅਤੇ ਮਾਤਾ- ਪਿਤਾ, ਬਚਪਨ ਵਿੱਚ ਹੀ ਪ੍ਰਭੂ ਭਗਤੀ ਦੀ ਲਗਨ, ਵਪਾਰ ਵਿੱਚ ਲਗਾਉਣਾ, ਸੁਲਤਾਨਪੁਰ ਨੌਕਰੀ ਕਰਨਾ, ਗ੍ਰਹਿਸਥੀ ਜੀਵਨ, ਉਦਾਸੀਆਂ ਤੇ ਜਾਣਾ, ਬਾਣੀ ਰਚਨਾ ਤੇ ਹੋਰ ਉਪਦੇਸ਼, ਜੋਤੀ -ਜੋਤ ਸਮਾਉਣਾ ,ਸਾਰੰਸ਼। | (7)<br>ਭੂਮਿਕਾ(1)<br>ਸਾਰੰਸ਼<br>(1)+5 |

| | | |
|---|---|---|
| | **ਜਾਂ**<br>**ਮੇਰਾ ਪਿਆਰਾ ਪੰਜਾਬ**<br>**ਰੂਪ- ਰੇਖਾ :- ਭੂਮਿਕਾ, ਪ੍ਰਾਚੀਨ ਸੱਭਿਅਤਾ ਦਾ ਪੰਘੂੜਾ, ਪੀਰ- ਫ਼ਕੀਰਾਂ ਦੀ ਧਰਤੀ, ਪੰਜਾਬੀਆਂ ਦੀਆਂ ਬੇਮਿਸਾਲ ਕੁਰਬਾਨੀਆਂ, ਮੁੱਖ ਕਿੱਤਾ, ਮਿਹਨਤੀ ਅਤੇ ਖੁੱਲ੍ਹੇ -ਡੁੱਲ੍ਹੇ ਸੁਭਾਅ ਦੇ ਮਾਲਕ, ਪੰਜਾਬ ਦੀ ਵੰਡ, ਸਾਰੰਸ਼।** | |
| | **ਭਾਗ -ੲ ( ਵਿਆਕਰਨ)** | |
| **ਪ੍ਰ. 5** | **ਹੇਠ ਲਿਖੇ ਸ਼ਬਦਾਂ ਦੇ ਲਿੰਗ :-** (ੳ) ਹਿਰਨੀ (ਅ) ਸੱਪਣੀ | **(2)** |
| **ਪ੍ਰ 6** | **ਹੇਠ ਲਿਖੇ ਸ਼ਬਦਾਂ ਦੇ ਵਚਨ :-** (ੳ) ਰਾਤਾਂ (ਅ) ਬੱਕਰੀਆਂ | **(2)** |
| **ਪ੍ਰ. 7** | **ਹੇਠਾਂ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ :-** (ੳ) ਗੰਦਾ (ਅ) ਨਕਲੀ | **(2)** |
| **ਪ੍ਰ. 8** | **ਹੇਠ ਦਿੱਤੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ :-**<br>(ੳ) ਸੌਣਾ | **(1)** |
| **ਪ੍ਰ. 9.** | **ਅਗੇਤਰ ਲਗਾ ਕੇ ਦੋ-ਦੋ ਸ਼ਬਦ :-**<br>**ੳ 1. ਅਪਮਾਨ, ਅਪਸ਼ਗਨ** | **(1)** |
| **ਪ੍ਰ. 10** | **ਪਿਛੇਤਰ ਲਗਾ ਕੇ ਦੋ ਦੋ ਸ਼ਬਦ :-**<br>**ੳ 2. ਲੁਹਾਰ, ਚਮਤਕਾਰ, ਦਾਤਾਰ** | **(1)** |
| **ਪ੍ਰ. 11** | **ਬਹੁਤੇ ਸ਼ਬਦਾਂ ਦੇ ਲਈ ਇੱਕ ਸ਼ਬਦ :-**<br>(ੳ) ਦੋਧੀ।<br>(ਅ) ਆਸਤਕ | **(2)** |
| **ਪ੍ਰ 12** | **ਹੇਠ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਅਖਾਣ ਪੂਰਾ ।**<br>**ਅਕਲਾਂ ਬਾਝੋਂ --------- ਖਾਲੀ**<br>(ੳ)ਖੂਹ | **(1)** |
| **ਪ੍ਰ. 13** | **' ਉੱਲੂ ਬਣਾਉਣਾ ' ਮੁਹਾਵਰੇ ਦਾ ਅਰਥ -**<br>**ੳ - ਮੂਰਖ ਬਣਾਉਣਾ, ਬੇਵਕੂਫ ਬਣਾਉਣਾ** | **(1)** |
| **ਪ੍ਰ.14** | **ਹੇਠ ਦਿੱਤੇ ਬਹੁਅਰਥਕ ਸ਼ਬਦਾਂ ਵਿੱਚੋਂ ਕਿਹੜਾ ਸਹੀ ਬਹੁਅਰਥਕ ਸ਼ਬਦ ਨਹੀਂ ਹੈ? ( ੳ ) ਉੱਚਾ**<br>ੳ- ਇਸ ਸਮੇਂ | **(1)** |
| **ਪ੍ਰ.15** | **ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ :-**<br>(ੳ) ਕੇਲਾ, ਸੇਬ ,ਅਨਾਰ ,ਅਮਰੂਦ ਫਲਾਂ ਦੇ ਨਾਂ ਹਨ। | **(2)** |
| | **ਭਾਗ- ਸ ( ਪਾਠ ਪੁਸਤਕ)** | |
| **ਪ੍ਰ.16** | **ਕਾਵਿ ਟੁਕੜੀ ਤੇ ਦੇ ਪ੍ਰਸ਼ਨਾਂ ਦੇ ਉੱਤਰ**<br>(ੳ) 'ਮੇਰਾ ਵੱਸਦਾ ਦੇਸ਼ ਪੰਜਾਬ ਰਹੇ' ।<br>(ਅ) 'ਗੁਰਦੀਪ ਭੰਮਰਾ' ਹੈ।<br>(ੲ) ਸੋਨੇ ਵਰਗੀ ।<br>(ਸ) ਪਸੀਨਾ। | **(4)** |

| | | |
|---|---|---|
| ਪ੍ਰ 17 | **' ਪਰਉਪਕਾਰ 'ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ**<br>**ਪਰਉਪਕਾਰ ਕਵਿਤਾ ਕਵੀ ਕਰਨੈਲ ਸਿੰਘ ਸੋਮਲ ਜੀ ਦੀ ਲਿਖੀ ਹੋਈ ਹੈ। ਇਸ ਕਵਿਤਾ ਰਾਹੀਂ ਕਵੀ ਸਾਨੂੰ ਜੁਗਨੂੰ ਦੁਆਰਾ ਬੁਲਬੁਲ ਉੱਤੇ ਕੀਤੇ ਉਪਕਾਰ ਬਾਰੇ ਦੱਸਦੇ ਦੱਸਦੇ ਹਨ। ਇੱਕ ਬੁਲਬੁਲ ਜੰਗਲ ਵਿੱਚ ਹਨੇਰਾ ਹੋਣ ਕਾਰਨ ਆਪਣਾ ਰਾਹ ਭੁੱਲ ਗਈ ਸੀ। ਉਹ ਬੜੀ ਉਦਾਸ ,ਡਰੀ ਹੋਈ ,ਫਿਕਰਮੰਦ ਤੇ ਅਧਮੋਈ ਜਿਹੀ ਲੱਗ ਰਹੀ ਸੀ। ਉਸ ਨੂੰ ਆਪਣੇ ਬੱਚਿਆਂ ਦੀ ਫ਼ਿਕਰ ਖਾ ਰਹੀ ਸੀ। ਉਸ ਦੇ ਬੱਚੇ ਇਕੱਲੇ ਪਤਾ ਨਹੀਂ ਕਿਸ ਹਾਲ ਵਿੱਚ ਹੋਣਗੇ। ਉਸ ਨੂੰ ਆਪਣੇ ਬੱਚਿਆਂ ਦੀ ਚਿੰਤਾ ਕਰਕੇ ਭੈੜੇ -ਭੈੜੇ ਖਿਆਲ ਆ ਰਹੇ ਸਨ। ਇੰਨੇ ਨੂੰ ਇੱਕ ਜੁਗਨੂੰ ਬੁਲਬੁਲ ਦੀ ਬੁਰੀ ਹਾਲਤ ਵੇਖ ਕੇ ਉਸ ਕੋਲ ਆਇਆ। ਜੁਗਨੂੰ ਨੇ ਬੁਲਬੁਲ ਦੀ ਪਰੇਸ਼ਾਨੀ ਦਾ ਕਾਰਨ ਪੁੱਛਿਆ। ਜੁਗਨੂੰ ਨੇ ਬੁਲਬੁਲ ਨੂੰ ਉਸਦੇ ਬੱਚਿਆਂ ਕੋਲ ਪਹੁੰਚਾ ਕੇ ਉਸ ਦੀ ਮਦਦ ਕੀਤੀ। ਬੁਲਬੁਲ ਨੂੰ ਵੀ ਆਪਣੇ ਬੱਚਿਆਂ ਨਾਲ ਮਿਲ ਕੇ ਸਾਹ ਆਇਆ। ਇਸ ਤਰਾਂ ਕਵੀ ਦੱਸਦਾ ਹੈ ਕਿ ਜੋ ਲੋਕ ਜੁਗਨੂੰ ਵਾਂਗ ਦੂਸਰੇ ਲੋਕਾਂ ਦਾ ਭਲਾ ਕਰਦੇ ਹਨ ।ਸਾਰੇ ਲੋਕ ਉਹਨਾਂ ਦਾ ਆਦਰ ,ਸਤਿਕਾਰ ਕਰਦੇ ਹਨ।** | **(5)** |
| ਪ੍ਰ.18 | **ਬਹੁ - ਵਿਕਲਪੀ ਪ੍ਰਸ਼ਨ**<br>**ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :-**<br>ਉ 1- ਬੱਤੀ ਦੰਦ<br>ਉ- 2 ਦੰਦਾਂ ਦੀ ਡਾਕਟਰ<br>ਉ- 3 ਜਹਾਂਗੀਰ<br>ਉ - 4 ਅਮਰਨਾਥ | **(4)** |
| ਪ੍ਰ.19 | **ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਤਿੰਨ - ਚਾਰ ਸਤਰਾਂ ਵਿੱਚ :-**<br>ੳ) ਸੁਦਾਮਾ ਦੇ ਘਰ ਦੀ ਹਾਲਤ ਬਹੁਤ ਮੰਦੀ ਸੀ। ਉਹ ਆਪਣੀ ਪਤਨੀ ਤੇ ਬੱਚਿਆਂ ਨਾਲ ਪਿੰਡ ਵਿੱਚ ਰਹਿੰਦਾ ਸੀ ਤੇ ਬੜੀ ਮੁਸ਼ਕਿਲ ਨਾਲ ਗੁਜ਼ਾਰਾ ਕਰਦਾ ਸੀ।<br>ਅ) ਸੁਦਾਮੇ ਦਾ ਨਾਂ ਸੁਣ ਕੇ ਕ੍ਰਿਸ਼ਨ ਜੀ ਆਪਣੇ ਰਾਜ ਸਿੰਘਾਸਣ ਤੋਂ ਖੜੇ ਹੋ ਗਏ। ਉਨਾਂ ਨੇ ਦੌੜ ਕੇ ਸੁਦਾਮੇ ਨੂੰ ਗਲੇ ਲਗਾਇਆ ਤੇ ਦਰਬਾਰ ਦੇ ਅੰਦਰ ਲਿਜਾ ਕੇ ਆਪਣੇ ਰਾਜ ਸਿੰਘਾਸਣ ਤੇ ਬਿਠਾਇਆ।<br>ੲ) ਬੁੱਢੀ ਮਾਈ ਜਦੋਂ ਮਹਾਰਾਜ ਨੂੰ ਅਸੀਸਾਂ ਦੇਣ ਲੱਗੀ ਤਾਂ ਮਹਾਰਾਜ ਨੇ ਕਿਹਾ ਮੈਨੂੰ ਤਾਂ ਇਹ ਅਸੀਸ ਚਾਹੀਦੀ ਹੈ ਕਿ ਮੇਰੇ ਤੋਂ ਕਦੇ ਵੀ ਕਿਸੇ ਨਾਲ ਕੋਈ ਅਨਿਆਂ ਨਾ ਹੋਵੇ ।<br>ਸ) ਬੁੱਢੀ ਔਰਤ ਨੇ ਮਹਾਰਾਜ ਅੱਗੇ ਫ਼ਰਿਆਦ ਕੀਤੀ ਕਿ ਉਹ ਇੱਕ ਵਿਧਵਾ ਔਰਤ ਹੈ। ਉਸ ਨੇ ਆਪਣੇ ਗਹਿਣੇ ਵੇਚ ਕੇ ਆਪਣੀ ਜਮੀਨ ਵਿੱਚ ਖੂਹ ਲਗਵਾਇਆ ਸੀ ।ਜਿਸ ਦਾ ਮਾਲਿਕ ਉਸਦਾ ਦਿਓਰ ਬਣ ਬੈਠਾ ਹੈ। ਬੁੱਢੀ ਔਰਤ ਮਹਾਰਾਜ ਤੋਂ ਨਿਆ ਲੈਣ ਆਈ ਸੀ। | **(2*2*2)=6** |
| ਪ੍ਰ 20 | **ਹੇਠਾਂ ਦਿੱਤਾ ਵਾਕ ਕਿਸ ਨੇ, ਕਿਸ ਨੂੰ ਕਿਹਾ**<br>**ਮਹਾਰਾਜ ਨੇ ਬੁੱਢੀ ਦੇ ਦਿਓਰ ਨੂੰ** | **(1)** |

| | | |
|---|---|---|
| ਪ੍ਰ 21 | ' ਸੁਹਾਵਣਾ ' ਸ਼ਬਦ ਦਾ ਅਰਥ ਦੱਸੋ ।<br>ਉ- ਸੋਹਣਾ, ਮਨ ਨੂੰ ਖ਼ੁਸ਼ੀ ਦੇਣ ਵਾਲਾ | (1) |

ਓ.ਐਸ ਡੀ.ਏ.ਵੀ ਪਬਲਿਕ ਸਕੂਲ , ਕੈਥਲ

ਸਤੰਬਰ ਪੀਖਿਆ (2024-25 )

ਜਮਾਤ :- ਸੱਤਵੀਂ

ਵਿਸ਼ਾ : - ਪੰਜਾਬੀ

ਸਮਾਂ :- 2:20 ਘੰਟੇ ( Set B )

ਜਰੂਰੀ ਹਦਾਇਤਾਂ:- ਜੇਕਰ ਇਸ ਉੱਤਰ ਕੁੰਜੀ ਵਿੱਚ ਵਿਦਿਆਰਥੀਆਂ ਦੁਆਰਾ ਸੰਬੰਧਤ ਉੱਤਰ ਨਾਲ ਕੋਈ ਹੋਰ ਉੱਤਰ ਵੀ ਦਿੱਤਾ ਜਾਵੇ ਅਤੇ ਉਹ ਸਹੀ ਹੈ ਤਾਂ ਉਸਦੇ ਅੰਕ ਵੀ ਮਿਲਣਗੇ। ਅਧਿਕਤਮ ਅੰਕ (60)

| ਪ੍ਰਸ਼ਨ ਨੰਬਰ | ਪ੍ਰਸ਼ਨ | ਅੰਕ |
|---|---|---|
| | (ਭਾਗ -ੳ ਪੜ੍ਹਨ ਕੌਸ਼ਲ ) | |
| ਪ੍ਰ. 1 | ਅਣਡਿੱਠਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-<br><br>ਉ 1. ਅੰਮ੍ਰਿਤਸਰ ਭਾਰਤ ਦੇ ਉੱਤਰੀ ਭਾਗ ਵਿੱਚ ਹੈ।<br>ਉ 2. ਅੰਮ੍ਰਿਤਸਰ ਵਿੱਚ ਅਨਾਜ, ਕੱਪੜੇ ਤੇ ਖੁਸ਼ਕ ਮੇਵਿਆਂ ਦੀਆਂ ਵੱਡੀਆਂ- ਵੱਡੀਆਂ ਮੰਡੀਆਂ ਹਨ ।<br>ਉ 3. ਅੰਮ੍ਰਿਤਸਰ ਵਿੱਚ ਦਰੀਆਂ, ਗਲੀਚੇ ਤੇ ਸ਼ਾਲਾ ਬਣਾਉਣ ਦੇ ਕਾਰਖਾਨੇ ਹਨ।<br>ਉ 4 ਅੰਮ੍ਰਿਤਸਰ ਤੋਂ ਸੁਗਾਤ ਵਜੋਂ ਸਾਬਣ ਤੇ ਪਾਪੜ -ਵੜੀਆਂ ਲਿਆਉਂਦੇ ਹਨ।<br>ਉ 5 ਅੰਮ੍ਰਿਤਸਰ ਸ਼ਹਿਰ, ਅੰਮ੍ਰਿਤਸਰ ਉਦਯੋਗਿਕ ਕੇਂਦਰ। | (5) |
| | ( ਭਾਗ - ਅ ਲੇਖਣ ਕੌਸ਼ਲ) | |
| ਪ੍ਰ. 2 | ਹੇਠਾਂ ਦਿੱਤੀ ਤਸਵੀਰ ਦਾ ਵਰਨਣ ਵਿਦਿਆਰਥੀਆਂ ਰਾਹੀਂ ਆਪਣੇ ਸ਼ਬਦਾਂ ਵਿੱਚ ਕੀਤਾ ਜਾਵੇਗਾ।<br> | (5)1+3+1 ਜਾਣ ਪਛਾਣ, ਤਸਵੀਰ ਵਰਨਣ, ਸਾਰੰਸ਼ |
| ਪ੍ਰ 3 | ਸੇਵਾ ਵਿਖੇ,<br>ਮੁੱਖ ਅਧਿਆਪਕਾ ਜੀ,<br>ਕ,ਖ,ਗ, ਸਕੂਲ,<br>......... ਸ਼ਹਿਰ।<br><br>ਵਿਸ਼ਾ - ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਸਬੰਧੀ। | (6) 1+1+3+1 |

| | | |
|---|---|---|
| | ਸ਼੍ਰੀਮਤੀ ਜੀ,<br><br>ਸਨਿਮਰ ਬੇਨਤੀ ਹੈ ਕਿ --------------------------------------------------------------- ------------------------------------------------------------------------------------------- -------------------------।<br><br>ਮੈਂ ਆਪ ਜੀ ਦੀ ਧੰਨਵਾਦੀ ਹੋਵਾਂਗੀ।<br><br>ਆਪ ਜੀ ਦੀ ਆਗਿਆਕਾਰੀ,<br>ਨਾਂ ---<br>ਜਮਾਤ----<br>ਰੋਲ ਨੰਬਰ----<br><br>ਮਿਤੀ--<br><br>ਪਰੀਖਿਆ ਭਵਨ,<br>ੳ,ਅ,ੲ, ਸ਼ਹਿਰ।<br>ਮਿਤੀ-----------<br><br>ਪਿਆਰੀ ਸਹੇਲੀ/ ਪਿਆਰੇ ਮਿੱਤਰ,<br><br>ਮਿੱਠੀਆਂ ਯਾਦਾਂ।<br><br>ਮੈਂ ਇੱਥੇ ਠੀਕ ਹਾਂ------------------------------------------------------------------------------ ------------------------------------------------------------------------------------------- -----------।<br><br>ਤੇਰੀ ਸਹੇਲੀ/ਤੇਰਾ ਮਿੱਤਰ<br>ਕ.ਖ.ਗ. | |
| ਪ੍ਰ 4 | ਹੇਠਾਂ ਦਿੱਤੇ ਗਏ ਲੇਖਾਂ ਵਿੱਚੋਂ ਕੋਈ ਇੱਕ ਲੇਖ ਲਿਖੋ।<br>ਪ੍ਰਦੂਸ਼ਣ ਦੀ ਸਮੱਸਿਆ<br>ਰੂਪ -ਰੇਖਾ : ਭੂਮਿਕਾ, ਪ੍ਰਦੂਸ਼ਣ ਕੀ ਹੈ ? ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ, ਧੁਨੀ ਪ੍ਰਦੂਸ਼ਣ, ਮਿੱਟੀ ਪ੍ਰਦੂਸ਼ਣ, ਪ੍ਰਦੂਸ਼ਣ ਰੋਕਣ ਦੇ ਉਪਾਅ, ਸਾਰੰਸ਼।<br>ਜਾਂ<br>ਮੇਰਾ ਪਿਆਰਾ ਪੰਜਾਬ | (7)<br>ਭੂਮਿਕਾ (1)<br>ਸਾਰੰਸ਼ (1)+5 |

| | | |
|---|---|---|
| | **ਰੂਪ- ਰੇਖਾ :- ਭੂਮਿਕਾ, ਪ੍ਰਾਚੀਨ ਸੱਭਿਅਤਾ ਦਾ ਪੰਘੂੜਾ, ਪੀਰ- ਫ਼ਕੀਰਾਂ ਦੀ ਧਰਤੀ, ਪੰਜਾਬੀਆਂ ਦੀਆਂ ਬੇਮਿਸਾਲ ਕੁਰਬਾਨੀਆਂ, ਮੁੱਖ ਕਿੱਤਾ, ਮਿਹਨਤੀ ਅਤੇ ਖੁੱਲ੍ਹੇ -ਡੁੱਲ੍ਹੇ ਸੁਭਾਅ ਦੇ ਮਾਲਕ, ਪੰਜਾਬ ਦੀ ਵੰਡ, ਸਾਰੰਸ਼।** | |
| | **ਭਾਗ -ਏ ( ਵਿਆਕਰਨ)** | |
| **ਪ੍ਰ. 5** | **ਹੇਠ ਲਿਖੇ ਸ਼ਬਦਾਂ ਦੇ ਲਿੰਗ :-** (ੳ) ਸੁਨਿਆਰੀ (ਅ) ਜਾਦੂਗਰਨੀ | **(2)** |
| **ਪ੍ਰ 6** | **ਹੇਠ ਲਿਖੇ ਸ਼ਬਦਾਂ ਦੇ ਵਚਨ :-** (ੳ) ਪਲੇਟਾਂ (ਅ) ਘੋੜੀਆਂ | **(2)** |
| **ਪ੍ਰ. 7** | **ਹੇਠਾਂ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ :-** (ੳ) ਝੂਠਾ (ਅ) ਗਰੀਬ | **(2)** |
| **ਪ੍ਰ. 8** | **ਹੇਠ ਦਿੱਤੇ ਵਿਕਲਪਾਂ ਵਿੱਚੋਂ ਸ਼ੁੱਧ ਸ਼ਬਦ :-**<br>(ੳ) ਆਉਣਾ | **(1)** |
| **ਪ੍ਰ. 9.** | **ਅਗੇਤਰ ਲਗਾ ਕੇ ਦੋ-ਦੋ ਸ਼ਬਦ :- ਅਨ**<br>**ਉ - ਅਨਪੜ੍ਹ , ਅਨਜਾਣ** | **(1)** |
| **ਪ੍ਰ. 10** | **ਪਿਛੇਤਰ ਲਗਾ ਕੇ ਦੋ ਦੋ ਸ਼ਬਦ :- ਆਲੂ**<br>**ਉ - ਝਗੜਾਲੂ, ਦਿਆਲੂ, ਕਿਰਪਾਲੂ** | **(1)** |
| **ਪ੍ਰ. 11** | **ਬਹੁਤੇ ਸ਼ਬਦਾਂ ਦੇ ਲਈ ਇੱਕ ਸ਼ਬਦ :-**(ੳ) ਲੁਹਾਰ (ਅ) ਮਾਮਾ | **(2)** |
| **ਪ੍ਰ 12** | **ਹੇਠ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਅਖਾਣ ਪੂਰਾ ਕਰੋ।**<br>**ਇਕ ਅਨਾਰ-------ਬਿਮਾਰ**<br>(ੳ) ਸੌ | **(1)** |
| **ਪ੍ਰ. 13** | **' ਉਫ ਨਾ ਕਰਨਾ' ਮੁਹਾਵਰੇ ਦਾ ਅਰਥ :-**<br>**ਉ - ਬਿਲਕੁਲ ਸ਼ਿਕਾਇਤ ਨਾ ਕਰਨਾ** | **(1)** |
| **ਪ੍ਰ.14** | **ਹੇਠ ਦਿੱਤੇ ਬਹੁਅਰਥਕ ਸ਼ਬਦਾਂ ਵਿੱਚੋਂ ਕਿਹੜਾ ਸਹੀ ਬਹੁਅਰਥਕ ਸ਼ਬਦ ਨਹੀਂ ਹੈ? ( ੳ ) ਘੜੀ**<br>ਉ- ਮਾੜਾ ਸਮਾਂ | **(1)** |
| **ਪ੍ਰ.15** | **ਹੇਠਾਂ ਦਿੱਤੇ ਵਾਕ ਵਿੱਚ ਵਿਸ਼ਰਾਮ ਚਿੰਨ੍ਹ :-**<br>(ੳ) ਕੇਲਾ, ਸੇਬ ,ਅਨਾਰ ,ਅਮਰੂਦ ਫਲਾਂ ਦੇ ਨਾਂ ਹਨ। | **(2)** |
| | **ਭਾਗ- ਸ ( ਪਾਠ ਪੁਸਤਕ)** | |
| **ਪ੍ਰ.16** | **ਹੇਠਾਂ ਲਿਖੀ ਕਾਵਿ ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ**<br>(ੳ) 'ਮੇਰਾ ਵੱਸਦਾ ਦੇਸ਼ ਪੰਜਾਬ ਰਹੇ' ।<br>(ਅ) 'ਗੁਰਦੀਪ ਭੰਮਰਾ' ਹੈ।<br>(ੲ) ਸੋਨੇ ਵਰਗੀ ।<br>(ਸ) ਪਸੀਨਾ। | **(4)** |
| **ਪ੍ਰ 17** | **' ਬਾਰਾਂਮਾਹਾ ' ਕਵਿਤਾ ਦਾ ਸਾਰ।**<br>**'ਬਾਰਾਂਮਾਹਾ' ਕਵਿਤਾ ਕਵੀ ਮਹਿੰਦਰ ਸਿੰਘ ਮਾਨੂੰਪੁਰੀ ਜੀ ਦੀ ਲਿਖੀ ਹੋਈ ਹੈ। ਇਸ ਕਵਿਤਾ ਰਾਹੀਂ ਕਵੀ ਸਾਨੂੰ ਦੇਸੀ ਮਹੀਨਿਆਂ ਤੇ ਤਿਉਹਾਰਾਂ ਦੇ ਮਹੱਤਵ ਬਾਰੇ ਦੱਸਦੇ ਹਨ ਕਿ ਚੇਤ ਮਹੀਨੇ ਵਿੱਚ ਪੱਕੀਆਂ ਹੋਈਆਂ ਕਣਕਾਂ ਨੂੰ ਵਿਸਾਖ ਮਹੀਨੇ ਵਿੱਚ ਲੋਕ ਆਪਣੇ ਘਰ ਲਿਆਉਂਦੇ ਹਨ।** | **(5)** |

| | | |
|---|---|---|
| | **ਵਿਸਾਖੀ ਵਾਲੇ ਦਿਨ ਲੋਕ ਸਰੋਵਰਾਂ ਵਿੱਚ ਇਸ਼ਨਾਨ ਕਰਦੇ। ਜੇਠ ਤੇ ਹਾੜ ਦੇ ਮਹੀਨੇ ਵਿੱਚ ਖੂਹਾਂ ਦਾ ਪਾਣੀ ਸੁੱਕ ਜਾਂਦਾ ਹੈ ਤੇ ਲੋਕ ਗਰਮੀ ਦੇ ਕਾਰਨ ਘਰੋਂ ਬਾਹਰ ਨਹੀਂ ਨਿਕਲਦੇ। ਸਾਵਣ ਵਿੱਚ ਬਰਸਾਤਾਂ ਜਿਆਦਾ ਹੋਣ ਕਰਕੇ ਅੰਬ ਅਤੇ ਜਾਮਣਾਂ ਵਿੱਚ ਰਸ ਭਰ ਜਾਂਦਾ ਹੈ। ਭਾਦੋਂ ਦੇ ਮਹੀਨੇ ਗਰਮੀ ਤੇ ਧੁੱਪ ਬੜੀ ਤੇਜ਼ ਲੱਗਦੀ ਹੈ। ਅੱਸੂ ਤੇ ਕੱਤਕ ਮਹੀਨੇ ਨਾ ਜਿਆਦਾ ਠੰਢ ਤੇ ਨਾ ਜਿਆਦਾ ਗਰਮੀ ਹੁੰਦੀ ਹੈ । ਕੱਤਕ ਮਹੀਨੇ ਦੀਵਾਲੀ ਕਰਕੇ ਸਭ ਥਾਂ ਰੌਸ਼ਨੀ ਹੁੰਦੀ ਹੈ । ਮੱਗਰ ਤੇ ਪੋਹ ਮਹੀਨੇ ਵਿੱਚ ਬਹੁਤ ਜਿਆਦਾ ਠੰਢ ਹੋਣ ਕਰਕੇ ਲੋਕ ਕੋਟ ਤੇ ਸਵੈਟਰਾਂ ਪਾਉਂਦੇ ਹਨ ਅਤੇ ਅੱਗ ਸੇਕਦੇ ਹਨ ।ਮਾਘ ਵਿੱਚ ਪਤਝੜ ਕਰਕੇ ਪੱਤੇ ਤੇ ਫੁੱਲ ਝੜਦੇ ਹਨ ਤੇ ਫੱਗਣ ਵਿੱਚ ਬਸੰਤ ਰੁੱਤ ਕਰਕੇ ਨਵੇਂ ਪੱਤੇ ਫੁੱਲ ,ਖਿੜ ਆਉਂਦੇ ਹਨ। ਇਹ ਮਹੀਨਾ ਸਭ ਨੂੰ ਵਧੀਆ ਲੱਗਦਾ ਹੈ । ਅੰਤ ਵਿੱਚ ਕਵੀ ਕਹਿੰਦਾ ਹੈ ਕਿ ਉਹ ਲੋਕ ਸਮਝਦਾਰ ਹੁੰਦੇ ਹਨ ਜੋ ਇਹਨਾਂ ਦੇਸੀ ਮਹੀਨਿਆਂ ਬਾਰੇ ਜਾਣਦੇ ਹਨ।** | |
| **ਪ੍ਰ.18** | **ਬਹੁ - ਵਿਕਲਪੀ ਪ੍ਰਸ਼ਨ**<br>**ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ :-**<br>ਉ 1- ਜੀਭ<br>ਉ- 2 ਮਿਠਿਆਈਆਂ ਤੇ ਟਾਫ਼ੀਆਂ ਖਾਣ ਦੀ<br>ਉ- 3 ਜਹਾਂਗੀਰ<br>ਉ - 4 ਜਿਹਲਮ | **(4)** |
| **ਪ੍ਰ.19** | **ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਤਿੰਨ - ਚਾਰ ਸਤਰਾਂ ਵਿੱਚ :-**<br>ੳ) ਮਹਾਰਾਜਾ ਰਣਜੀਤ ਸਿੰਘ ਪੰਜਾਬ ਦੇ ਇੱਕ ਪ੍ਰਸਿੱਧ ਸ਼ਕਤੀਸ਼ਾਲੀ, ਸਿਆਣੇ ਤੇ ਨਿਆਂ ਪਸੰਦ ਮਹਾਰਾਜਾ ਸਨ। ਉਹ ਹਮੇਸ਼ਾ ਆਪਣੀ ਪਰਜਾ ਦੀ ਭਲਾਈ ਚਾਹੁੰਦੇ ਸਨ ਤੇ ਹਰ ਦੁਖੀ ਤੇ ਕਮਜ਼ੋਰ ਦੀ ਮਦਦ ਕਰਦੇ ਸਨ।<br>ਅ) ਜਦੋਂ ਮਹਾਰਾਜ ਦੁਆਰਾ ਬੁੱਢੀ ਦੇ ਦਿਓਰ ਨੂੰ ਜਦੋਂ ਖੂਹ ਵਿੱਚੋਂ ਸਰਕਾਰੀ ਖਜ਼ਾਨੇ ਨੂੰ ਕੱਢਣ ਲਈ ਕਿਹਾ ਗਿਆ ਤਾਂ ਉਹ ਅੰਦਰ ਹੀ ਅੰਦਰ ਡਰ ਗਿਆ ਕਿ ਇੰਨੀ ਰਾਤ ਨੂੰ ਕੌਣ ਸਰਕਾਰੀ ਅਮਾਨਤ ਨੂੰ ਕੱਢੇਗਾ ਤੇ ਸੰਭਾਲੇਗਾ ਤਾਂ ਉਸ ਨੇ ਆਪ ਹੀ ਮਹਾਰਾਜ ਦੇ ਪੈਰਾਂ ਵਿੱਚ ਡਿੱਗ ਕੇ ਮੰਨ ਲਿਆ ਕੇ ਖੂਹ ਉਸਦੀ ਭਰਜਾਈ ਦਾ ਹੈ<br>ੲ) ਕ੍ਰਿਸਨ ਜੀ ਨੇ ਸੁਦਾਮੇ ਦੀ ਸਹਾਇਤਾ ਉਸ ਦੇ ਬਿਨਾਂ ਕਹੇ ਤੇ ਬਿਨਾਂ ਮੰਗਣ ਤੇ ਕੀਤੀ । ਕ੍ਰਿਸ਼ਨ ਜੀ ਨੇ ਬਿਨਾਂ ਕੋਈ ਅਹਿਸਾਨ ਜਤਾਏ ਸੁਦਾਮੇ ਦੇ ਘਰ ਦੀ ਗਰੀਬੀ ਨੂੰ ਦੂਰ ਕਰਕੇ ਉਸ ਨੂੰ ਨਵਾਂ ਘਰ ਬਣਵਾ ਕੇ ਦਿੱਤਾ।<br>ਸ) ਸੁਦਾਮੇ ਦੀ ਪਤਨੀ ਸੁਦਾਮੇ ਨੂੰ ਕ੍ਰਿਸ਼ਨ ਜੀ ਕੋਲ ਮਦਦ ਲੈਣ ਲਈ ਭੇਜਣਾ ਚਾਹੁੰਦੀ ਸੀ। ਕਿਉਂਕਿ ਉਸ ਨੂੰ ਲੱਗ ਰਿਹਾ ਸੀ ਕਿ ਕ੍ਰਿਸ਼ਨ ਜੀ ਸੁਦਾਮੇ ਦੀ ਬੁਰੀ ਹਾਲਤ ਵੇਖ ਕੇ ਉਸ ਦੀ ਮਦਦ ਆਪਣੇ ਆਪ ਹੀ ਕਰ ਦੇਣਗੇ। | **(2*2*2)=6** |
| **ਪ੍ਰ 20** | **ਹੇਠਾਂ ਦਿੱਤਾ ਵਾਕ ਕਿਸ ਨੇ, ਕਿਸ ਨੂੰ ਕਿਹਾ**<br>**ਮਹਾਰਾਜ ਨੇ ਬੁੱਢੀ ਮਾਈ ਨੂੰ** | **(1)** |
| **ਪ੍ਰ 21** | **' ਮੁਆਇਨਾ ' ਸ਼ਬਦ ਦਾ ਅਰਥ ਦੱਸੋ ।**<br>**ਉ- ਨਿਰੀਖਣ, ਜਾਂਚ** | **(1)** |